**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**
**ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ,ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਸਮੂਹ ਸਕੂਲ ਮੁੱਖੀ, ਪੰਜਾਬ

ਮੀਮੋ ਨੰ: ਐਸ.ਐਸ.ਏ/2012/ਐਡਮਨ/86790
ਮਿਤੀ,ਚੰਡੀਗੜ੍ਹ: 08/10/12

ਵਿਸ਼ਾ: ਸ਼ਰਾਬ-ਨੋਸ਼ੀ ਜਾਂ ਹੋਰ ਕੋਈ ਵੀ ਨਸ਼ਾ ਕਰਕੇ ਸਕੂਲ ਆਉਣ ਵਾਲੇ ਅਧਿਆਪਕਾਂ ਖਿਲਾਫ ਸਖਤ ਕਾਰਵਾਈ ਕਰਨ ਬਾਰੇ।

1.0 ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਧਿਆਪਕ ਦਾ ਰੁਤਬਾ ਸਮਾਜ ਵਿੱਚ ਬਹੁਤ ਸਤਿਕਾਰ ਯੋਗ ਹੈ ਅਤੇ ਰਾਸ਼ਟਰ ਨਿਰਮਾਣ ਵਿੱਚ ਅਧਿਆਪਕ ਦੀ ਭੂਮਿਕਾ ਇੱਕ ਸਵੈ-ਸਿੱਧ ਤੱਥ ਹੈ । ਇਕ ਅਧਿਆਪਕ ਦੀ ਸਹੀ ਦਿਸ਼ਾ ਨਿਰਦੇਸਨਾ ਅਤੇ ਰੋਲ ਮਾਡਲ ਵੱਜੋਂ ਇਸ ਦਾ ਸਿੱਧਾ ਪ੍ਰਭਾਵ ਵਿਦਿਆਰਥੀ ਦੀ ਸਰਵਪੱਖੀ ਸ਼ਖਸੀਅਤ ਦੇ ਨਿਖਾਰ ਤੇ ਪੈਂਦਾ ਹੈ । ਸਰਕਾਰ ਵੱਲੋਂ ਵੀ ਅਧਿਆਪਕਾਂ ਦੇ ਸਹਿਯੋਗ ਸਦਕਾ ਹੀ ਵਿੱਦਿਅਕ ਖੇਤਰ ਵਿੱਚ ਸੁਧਾਰ ਲਿਆਉਣ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ।

2.0 ਜਿਥੇ ਬਹੁ-ਗਿਣਤੀ ਅਧਿਆਪਕ ਬੜੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ ਅਤੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ, ਉਥੇ ਕਈ ਵਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਵੀ ਧਿਆਨ ਵਿੱਚ ਆਉਂਦੀਆਂ ਹਨ ਕਿ ਕਈ ਅਧਿਆਪਕ ਡਿਊਟੀ ਦੌਰਾਨ ਸ਼ਰਾਬ ਪੀ ਕੇ ਜਾਂ ਵਿਦਿਆਰਥੀਆਂ ਦੇ ਸਾਹਮਣੇ ਹੀ ਕੋਈ ਨਸ਼ਾ ਕਰਨ ਲਗ ਪੈਂਦੇ ਹਨ। ਅਧਿਆਪਕ ਵੱਲੋਂ ਸ਼ਰਾਬ ਅਤੇ ਹੋਰ ਨਸ਼ੇ ਇਸਤੇਮਾਲ ਕਰਨ ਦਾ ਵਿਦਿਆਰਥੀਆਂ ਦੀ ਸ਼ਖਸੀਅਤ ਉਤੇ ਸਿੱਧਾ ਕੁ-ਪ੍ਰਭਾਵ ਪੈਂਦਾ ਹੈ।ਇਸ ਲਈ ਅਧਿਆਪਨ ਵਰਗੇ ਪਵਿੱਤਰ ਕਾਰਜ ਨਾਲ ਜੁੜੇ ਲੋਕਾਂ ਦਾ ਅਜਿਹਾ ਕਰਨਾ ਸਿਰਫ ਨਿੰਦਣਯੋਗ ਵਰਤਾਰਾ ਹੀ ਨਹੀਂ ਬਲਕਿ ਇਹ ਇਕ ਗੰਭੀਰ ਕੁਕਰਮ ਵੀ ਹੈ ।

3.0 ਉਕਤ ਨੂੰ ਮੁੱਖ ਰੱਖਦੇ ਹੋਏ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਨਸ਼ਾ ਕਰਨ ਵਾਲੇ ਅਧਿਆਪਕਾਂ ਸਬੰਧੀ ਕੋਈ ਵੀ ਸਹਿਣਸੀਲਤਾ ਨਾ ਦਿਖਾਈ ਜਾਵੇ ਅਤੇ ਅਜਿਹੇ ਅਧਿਆਪਕ ਵਿਰੁੱਧ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਣੀ ਬਹੁਤ ਜ਼ਰੂਰੀ ਹੈ। ਸੋ ਇਹ ਬਹੁਤ ਲਾਜ਼ਮੀ ਹੈ ਕਿ ਅਜਿਹੇ ਅਧਿਆਪਕ ਬਾਰੇ ਸੂਚਨਾਂ ਇਸ ਦਫਤਰ ਦੀ ਈ-ਮੇਲ dgsepunjab18@gmail.com ਰਾਹੀਂ ਜਾਂ ਇਸ ਬਾਰੇ ਇਸ ਦਫਤਰ ਦੇ ਟੈਲੀਫੋਨ ਨੰ: 0172-2624673, ਫੈਕਸ ਨੰ: 0172-2624687 ਤੇ ਜਾਣਕਾਰੀ ਤੁਰੰਤ ਦਿੱਤੀ ਜਾਵੇ । ਇਸ ਬਾਰੇ ਸੂਚਨਾਂ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਵੀ ਯਕੀਨੀ ਤੌਰ ਤੇ ਦਿੱਤੀ ਜਾਵੇ।

4.0 ਇਥੇ ਇਹ ਦੱਸਿਆ ਜਾਂਦਾ ਹੈ ਕਿ ਅਜਿਹੇ ਅਧਿਆਪਕਾਂ ਵਿਰੁੱਧ ਕਾਰਵਾਈ ਕਰਨ ਹਿੱਤ ਉਸ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਣਾ ਹੁੰਦਾ ਹੈ ਤਾਂ ਜੋ ਉਸ ਦੁਆਰਾ ਕੀਤੇ ਗਏ ਨਸ਼ੇ ਨੂੰ ਸਿੱਧ ਕੀਤਾ ਜਾ ਸਕੇ ਜਾਂ ਅਜਿਹੇ ਅਧਿਆਪਕ ਤੋਂ ਗਵਾਹੀ ਸਮੇਤ ਲਿਖਕੇ ਲੈਣਾ ਹੁੰਦਾ ਹੈ ਕਿ ਉਹ ਸਕੂਲ ਵਿੱਚ ਨਸ਼ਾ ਕਰਕੇ ਆਇਆ ਹੈ।

5.0 ਸਮੂਹ ਸਕੂਲ ਮੁੱਖੀਆਂ ਨੂੰ ਵੀ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਕੂਲ ਦੇ ਅੰਦਰ ਅਧਿਆਪਕਾ ਵੱਲੋਂ ਜਾਂ ਕਿਸੇ ਹੋਰ ਕਰਮਚਾਰੀ ਵੱਲੋਂ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਨੂੰ ਸਹਿਣ ਨਾ ਕਰਨ ਅਤੇ ਉਕਤ ਦੱਸੇ ਅਨੁਸਾਰ ਤੁਰੰਤ ਕਾਰਵਾਈ ਕਰਨ।

ਕਾਹਨ ਸਿੰਘ ਪੰਨੂੰ ਆਈ.ਏ.ਐਸ
ਸਕੱਤਰ-ਕਮ-ਡੀ.ਜੀ.ਐਸ.ਈ